# ਪੰਜਾਬ ਆਈ.ਸੀ.ਟੀ ਐਜੂਕੇਸ਼ਨ ਸੁਸਾਇਟੀ

## ਦਫਤਰ ਜਿਲਾ ਸਿਖਿਆ ਅਫਸਰ(ਸੈ.ਸਿ) ਅੰਮ੍ਰਿਤਸਰ

ਈ ਮੇਲ: deoictasr@gmail.com ਫੋਨ ਨੰਬਰ : 0183-2225897 ਫੈਕਸ 0183-2225896

ਵੱਲ

ਸਮੂਹ ਪ੍ਰਿੰਸੀਪਲ/ ਮੁਖ ਅਧਿਆਪਕ,

ਸ.ਸ.ਸ./ਸ.ਹ.ਸ./ਸਮਿਸ ਸਕੂਲ,

ਜ਼ਿਲ੍ਹਾ ਅੰਮ੍ਰਿਤਸਰ।

ਨੰ : ਆਈ ਸੀ ਟੀ/ ਅੰਮ੍ਰਿਤਸਰ/2015/23549 ਮਿਤੀ : 21-10-2015

ਵਿਸ਼ਾ :- **ਅੰਮ੍ਰਿਤਸਰ ਸ਼ਹਿਰ ਨੂੰ ਸਮਾਰਟ ਸਿਟੀ ਬਣਾਉਣ ਲਈ Comment upload ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਅੱਜ ਦਫਤਰ ਜਿਲ੍ਹਾ ਸਿਖਿਆ ਅਫਸਰ (ਸੈ.ਸਿ) ਵਿਖੇ ਮਾਨਯੋਗ ਕਮਿਸ਼ਨਰ ਕਾਰਪੋਰੇਸ਼ਨ ਅੰਮ੍ਰਿਤਸਰ ਜੀ ਵੱਲੋਂ ਦਿੱਤੀਆ ਗਈਆਂ ਹਦਾਇਤਾ ਅਨੁਸਾਰ ਅੰਮ੍ਰਿਤਸਰ ਸ਼ਹਿਰ ਨੂੰ ਸਮਾਰਟ ਸਿਟੀ ਬਣਾਉਣ ਲਈ ਵੈੱਬਸਾਈਟ www.mygov.in ਤੇ Comment upload ਕਰਨ ਸਬੰਧੀ ਹਦਾਇਤਾਂ ਦਿੱਤੀਆ ਗਈਆਂ। ਇਸ ਸਬੰਧ ਵਿੱਚ ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਹਦਾਇਤਾਂ ਦਿੱਤੀਆਂ ਜਾਣ ਕਿ ਇਸ ਵੈੱਬਸਾਈਟ ਤੇ ਆਪਣੇ ਵਿਚਾਰ ਅੰਮ੍ਰਿਤਸਰ ਸ਼ਹਿਰ ਨੂੰ ਵਧੀਆ ਬਣਾਉਣ ਲਈ Comment ਅਪਲੋਡ ਕਰਨ। ਹਰੇਕ ਵਿਦਿਆਰਥੀ ਅਤੇ ਅਧਿਆਪਕ ਦੇ ਵਿਚਾਰ ਇਸ ਤੇ ਅਪਲੋਡ ਕਰਨੇ ਜਰੂਰੀ ਹਨ ਤਾਂ ਜੋ ਅਸੀਂ ਆਪਣੇ ਸ਼ਹਿਰ ਨੂੰ ਦੁਨੀਆਂ ਦਾ ਖੂਬਸੂਰਤ ਸ਼ਹਿਰ ਬਣਾਇਆ ਜਾ ਸਕੇ।ਇਸ ਵੈੱਬਸਾਈਟ ਤੇ Comment upload ਅਪਲੋਡ ਕਰਨ ਤੋਂ ਪਹਿਲਾਂ ਹੇਠ ਲਿਖੇ ਅਨੁਸਾਰ ਕਾਰਵਾਈ ਕਰਕੇ ਆਪਣਾ ਨਾਂ ਰਜਿਸਟਰ ਕੀਤਾ ਜਾਵੇ:

1. ਸਭ ਤੋਂ ਪਹਿਲਾਂ ਵੈੱਬਸਾਈਟ www.mygov.in ਨੂੰ ਖੋਲੋ।
2. ਇਸ ਵੈੱਬਸਾਈਟ ਤੇ ' Register" ਤੇ ਕਲਿੱਕ ਕਰੋ। Create new account ਦਾ ਪੇਜ਼ ਖੁਲ ਜਾਵੇਗਾ।
3. ਇਸ ਵਿੱਚ ਆਪਣਾ ਨਾਂ, ਈ-ਮੇਲ, ਦੇਸ਼ ਦਾ ਨਾਂ ਅਤੇ ਮੋਬਾਇਲ ਨੰਬਰ ਭਰਕੇ ਆਪਣਾ Account ਨੂੰ Create ਕਰੋ
4. ਇਹ ਵੇਰਵੇ ਭਰਨ ਤੇ ਤੁਹਾਡੇ ਮੋਬਾਇਲ ਤੇ OTP(One Time Password) ਅਤੇ Password ਆਵੇਗਾ। OTP ਨੂੰ ਭਰਨ ਤੇ Log in ਦਾ ਪੇਜ਼ ਖੁਲ ਜਾਵੇਗਾ।
5. ਇਸ ਵਿੱਚ ਆਪਣਾ ਈ-ਮੇਲ ਅਤੇ ਪਾਸਵਰਡ ਭਰਨ ਤੇ ਤੁਸੀ ਇਸ ਵੈੱਬਸਾਈਟ ਤੇ ਰਜਿਸਟਰ ਹੋ ਜਾਉਗੇ ਅਤੇ ਤੁਹਾਡਾ ਨਾਂ ਇਸ ਵੈੱਬਸਾਈਟ ਦੇ ਉਪਰ ਸੱਜੇ ਪਾਸੇ ਆ ਜਾਵੇਗਾ।
6. ਇਸ ਉਪਰੰਤ Open Forum ਤੇ ਕਲਿੱਕ ਕਰੋ ਅਤੇ ਇਸ ਵਿੱਚੋਂ MoUD Smart Cities ਤੇ ਕਲਿੱਕ ਕਰੋ।ਵੱਖ-ਵੱਖ 100 ਸਮਾਰਟ ਸ਼ਹਿਰਾਂ ਦੇ ਲਿੰਕ ਸ਼ਹਿਰ ਦੀ ਤਸਵੀਰ ਸਮੇਤ ਖੁਲ ਜਾਣਗੇ। ਇਸ ਵਿੱਚੋਂ ਹੇਠਾਂ More Discussion ਤੇ ਕਲਿਕ ਕਰਕੇ ਅੰਮ੍ਰਿਤਸਰ ਸ਼ਹਿਰ ਜਿਸ ਵਿੱਚ ਸ੍ਰੀ ਦਰਬਾਰ ਸਹਿਬ ਦੀ ਤਸਵੀਰ ਲੱਗੀ ਹੋਈ ਹੈ ਤੇ Discuus ਤੇ ਕਲਿੱਕ ਕਰਕੇ ਆਪਣੇ ਮਹੱਤਵ ਪੂਰਣ Comment ਦਰਜ਼ ਕਰੋ।
7. ਇਸ ਨੂੰ ਕਲਿਕ ਕਰਨ ਉਪਰੰਤ ਦੂਸਰੇ ਵਿਅਕਤੀਆਂ ਦੇ Comment ਵੀ ਖੁਲ ਜਾਣਗੇ।
8. ਅੰਮ੍ਰਿਤਸਰ ਸ਼ਹਿਰ ਦੇ ਨਗਰ ਨਿਗਮ ਦੀ ਹਦੂਦ ਵਿੱਚ ਆਉਂਦੇ ਸਾਰੇ ਸਰਕਾਰੀ, ਏਡਿਡ ਅਤੇ ਪ੍ਰਾਈਵੇਟ ਸਕੂਲਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਇਹ ਕਾਰਵਾਈ ਕਰਕੇ ਇਸ ਦਫਤਰ ਨੂੰ ਈ-ਮੇਲ ਰਾਹੀ ਸੂਚਿਤ ਕਰਨਗੇ।
9. ਵਿਦਿਆਰਥੀਆਂ ਦਾ ਸਮਾਰਟ ਸਿਟੀ ਸਬੰਧੀ ਲੇਖ ਮੁਕਾਬਾਲਾ, ਸਲੋਗਨ ਲਿਖਾਈ ਮੁਕਾਬਾਲਾ ਅਤੇ ਪੈਟਿੰਗ ਮੁਕਾਬਲਾ ਵੀ ਕਰਵਾ ਕੇ ਇਸ ਵੈੱਬਸਾਈਟ ਉਪਰ ਮਿਤੀ 10-11-2015 ਤੱਕ ਅਪਲੋਡ ਕੀਤਾ ਜਾਵੇ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਸ੍ਰੀ ਸੁਨੀਲ ਮਹਾਜ਼ਨ (8054955956) ਅਤੇ ਸ੍ਰੀ ਸੋਰਭ ਵੋਹਰਾ (8755654601) ਜੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਜਿਲ੍ਹਾ ਸਿਖਿਆ ਅਫਸਰ (ਸੈ:ਸਿ)
ਅੰਮ੍ਰਿਤਸਰ

**ਉਤਾਰਾ:**
ਮਾਨਯੋਗ ਕਮਿਸ਼ਨਰ ਕਾਰਪੋਰੇਸ਼ਨ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਸਿਖਿਆ ਅਫਸਰ (ਸੈ:ਸਿ)
ਅੰਮ੍ਰਿਤਸਰ

Scanned by CamScanner